ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ-2025 ਲਈ ਹਦਾਇਤਾਂ

ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ ਲਈ ਰਜਿਸਟ੍ਰੇਸ਼ਨ 18 ਅਗਸਤ 2025 ਤੋਂ 31 ਅਕਤੂਬਰ, 2025 ਤੱਕ ਬੋਰਡ ਦੀ ਵੈਬਸਾਈਟ ਉੱਪਰ ਆਨਲਾਈਨ ਕਰਵਾਈ ਜਾ ਸਕੇਗੀ। (https://olympiad.pseb.ac.in)

1. ਪੰਜਾਬ ਰਾਜ / ਦੂਜੇ ਰਾਜ ਅਤੇ ਐਨ.ਆਰ.ਆਈ ਵਿਦਿਆਰਥੀਆਂ ਲਈ ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ 2025 ਵਿੱਚ ਭਾਗ ਲੈਣ ਸੰਬੰਧੀ ਯੋਗਤਾ ਦੇ ਮਾਪਦੰਡ:-
    - ਤੀਜੀ ਤੋਂ ਪੰਜਵੀਂ ਸ਼੍ਰੇਣੀ /ਗ੍ਰੇਡ ਜਾਂ 12 ਸਾਲ ਤੋਂ ਘੱਟ ਉਮਰ।
    - ਛੇਵੀਂ ਤੋਂ ਅੱਠਵੀਂ ਸ਼੍ਰੇਣੀ /ਗ੍ਰੇਡ ਜਾਂ 15 ਸਾਲ ਤੋਂ ਘੱਟ ਉਮਰ।
    - ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ /ਗ੍ਰੇਡ ਜਾਂ 19 ਸਾਲ ਤੋਂ ਘੱਟ ਉਮਰ।
2. ਪੰਜਾਬ ਰਾਜ / ਦੂਜੇ ਰਾਜ ਅਤੇ ਐਨ.ਆਰ.ਆਈ ਵਿਦਿਆਰਥੀਆਂ ਲਈ ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ 2025 ਵਿੱਚ ਭਾਗ ਲੈਣ ਹੇਠ ਲਿਖੇ ਵੇਰਵੇ ਅਨੁਸਾਰ ਆਨਲਾਈਨ ਫੀਸ ਜਮਾਂ ਹੋਵੇਗੀ।
    - ਪ੍ਰਾਇਮਰੀ ਵਰਗ (ਤੀਸਰੀ ਤੋਂ ਪੰਜਵੀਂ ਸ਼੍ਰੇਣੀ) 50 ਰੁਪਏ
    - ਮਿਡਲ ਵਰਗ (ਛੇਵੀਂ ਤੋਂ ਅੱਠਵੀਂ ਸ਼੍ਰੇਣੀ) 100 ਰੁਪਏ
    - ਸੈਕੰਡਰੀ ਵਰਗ (ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ) 100 ਰੁਪਏ
    - ਐਨ. ਆਰ. ਆਈ (ਸਾਰੇ ਵਰਗ) 800 ਰੁਪਏ
3. ਪ੍ਰਤਿਯੋਗਤਾ ਦੀ ਤਿਆਰੀ ਕਰਨ ਲਈ ਹਰ ਵਰਗ ਅਨੁਸਾਰ ਵੱਖਰਾ ਪਾਠ-ਕ੍ਰਮ, ਪੀ.ਡੀ.ਐੱਫ ਦੇ ਰੂਪ ਵਿੱਚ ਬੋਰਡ ਦੀ ਵੈੱਬਸਾਈਟ ਤੇ ਆਨਲਾਈਨ ਉੱਪਲਬਧ ਹੈ।
4. ਹਰ ਵਰਗ ਦਾ ਵਿਦਿਆਰਥੀ ਆਪਣੇ ਸਕੂਲ ਵੱਲੋਂ ਜਾਂ ਨਿੱਜੀ ਤੌਰ ਤੇ ਰਜਿਸਟਰੇਸ਼ਨ ਕਰਵਾ ਸਕਦਾ ਹੈ।
5. ਪੰਜਾਬ ਰਾਜ ਤੋਂ ਬਾਹਰ ਦੇ ਭਾਰਤੀ ਵਿਦਿਆਰਥੀਆਂ ਅਤੇ ਐੱਨ. ਆਰ.ਆਈ. ਵਿਦਿਆਰਥੀਆਂ ਦਾ ਸਿਰਫ਼ ਆਨਲਾਈਨ ਮੋਡ ਰਾਹੀਂ, ਇੱਕ ਪੜਾਅ ਅਧੀਨ ਹੀ ਪੇਪਰ ਹੋਵੇਗਾ ਜਿਸ ਦਾ ਨਤੀਜਾ ਵੱਖਰੇ ਤੌਰ ਤੇ ਐਲਾਨਿਆ ਜਾਵੇਗਾ। ਐੱਨ.ਆਰ.ਆਈ ਵਿਦਿਆਰਥੀਆਂ ਅਤੇ ਪੰਜਾਬ ਰਾਜ ਤੋਂ ਬਾਹਰਲੇ ਰਾਜਾਂ ਦੇ ਵਿਦਿਆਰਥੀਆਂ ਲਈ ਹਰ ਵਰਗ ਦੇ ਪਹਿਲੇ ਸਥਾਨ ਉੱਪਰ ਆਉਣ ਵਾਲੇ ਵਿਦਿਆਰਥੀਆਂ ਨੂੰ 11000/-ਰੁਪਏ(ਪ੍ਰਤੀ ਵਰਗ ਇੱਕ ਵਿਦਿਆਰਥੀ), ਦੂਜੇ ਸਥਾਨ ਵਾਲਿਆਂ ਨੂੰ 7100/-ਰੁ (ਪ੍ਰਤੀ ਵਰਗ ਇੱਕ ਵਿਦਿਆਰਥੀ), ਤੀਜੇ ਸਥਾਨ ਵਾਲਿਆਂ ਨੂੰ 5100/-ਰੁ (ਪ੍ਰਤੀ ਵਰਗ 08 ਵਿਦਿਆਰਥੀ) ) ਇਨਾਮ ਵਜੋਂ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ।
6. ਪੰਜਾਬ ਰਾਜ ਵਿੱਚ ਇਹ ਪ੍ਰਤਿਯੋਗਤਾ ਤਿੰਨ ਪੜ੍ਹਾਵਾਂ ਵਿੱਚ ਹੋਵੇਗੀ।
    - ੳ) ਪਹਿਲਾ ਪੜ੍ਹਾਅ: ਇਸ ਪੜ੍ਹਾਅ ਅਧੀਨ ਆਨਲਾਈਨ ਪ੍ਰਤਿਯੋਗਤਾ ਹੋਵੇਗੀ ਜਿਸ ਵਿੱਚ ਕੁੱਲ 50 ਪ੍ਰਸ਼ਨ ਹੋਣਗੇ। ਇਸ ਵਿੱਚੋਂ 40 ਪ੍ਰਸ਼ਨ ਪੜ੍ਹਨ-ਸਮਗਰੀ ਨਾਲ ਸੰਬੰਧਤ ਹੋਣਗੇ ਅਤੇ 10 ਪ੍ਰਸ਼ਨ, ਵਰਗ ਦੇ ਪੱਧਰ ਅਨੁਸਾਰ ਸੰਬੰਧਤ ਪਾਠ-ਕ੍ਰਮ ਵਿੱਚੋਂ ਲਏ ਜਾਣਗੇ। ਸਾਰੇ ਪ੍ਰਸ਼ਨ ਬਹੁ-ਵਿਕਲਪੀ

(MULTIPLE CHOICE) ਹੋਣਗੇ।ਪਹਿਲੇ ਪੜ੍ਹਾਅ ਵਿੱਚੋਂ ਪ੍ਰਾਪਤ ਅੰਕਾਂ ਦੇ ਅਧਾਰ ਉੱਪਰ ਹਰੇਕ ਜ਼ਿਲ੍ਹੇ ਵਿੱਚੋਂ ਪਹਿਲੇ 60 ਵਿਦਿਆਰਥੀ (ਹਰੇਕ ਵਰਗ ਵਿੱਚੋਂ) ਦੂਜੇ ਪੜ੍ਹਾਅ ਵਿੱਚ ਜਾਣਗੇ।

- ਅ) ਦੂਜਾ ਪੜ੍ਹਾਅ: ਦੂਜੇ ਪੜ੍ਹਾਅ ਵਿੱਚ ਦੁਬਾਰਾ ਆਨਲਾਈਨ ਪੇਪਰ ਲਿਆ ਜਾਵੇਗਾ ਜਿਸ ਵਿੱਚ ਹਰੇਕ ਜ਼ਿਲ੍ਹੇ ਦੇ ਹਰੇਕ ਵਰਗ ਵਿੱਚੋਂ ਸਿਖਰਲੇ 60 ਵਿਦਿਆਰਥੀ ਹੀ ਭਾਗ ਲੈ ਸਕਣਗੇ। ਇਸ ਪੜਾਅ ਵਿੱਚ ਹਰੇਕ ਜਿਲ੍ਹੇ ਦੇ ਹਰ ਵਰਗ ਵਿੱਚੋਂ ਪਹਿਲੇ ਦਸ ਵਿਦਿਆਰਥੀ ਚੁਣੇ ਜਾਣਗੇ। ਉਹ ਸਾਰੇ ਤੀਜੇ ਪੜ੍ਹਾਅ ਵਿੱਚ ਭਾਗ ਲੈ ਸਕਣਗੇ।
- ੲ) ਤੀਜਾ ਪੜ੍ਹਾਅ: ਤੀਜੇ ਪੜ੍ਹਾਅ ਵਿੱਚ ਲਿਖਤੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਐੱਸ. ਏ. ਐੱਸ. ਨਗਰ ਮੁਹਾਲੀ ਵਿਖੇ ਲਈ ਜਾਵੇਗੀ।ਇਸ ਵਿੱਚ ਹਰੇਕ ਵਰਗ ਦੇ ਦੂਜੇ ਪੜ੍ਹਾਅ ਅਧੀਨ ਜ਼ਿਲ੍ਹੇਵਾਰ ਚੁਣੇ ਗਏ ਸਿਖਰਲੇ 10 ਵਿਦਿਆਰਥੀ ਹਿੱਸਾ ਲੈਣਗੇ।

7. ਹਰ ਵਰਗ ਦੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ 11000/-ਰੁਪਏ(ਪ੍ਰਤੀ ਵਰਗ ਇੱਕ ਵਿਦਿਆਰਥੀ), ਦੂਜੇ ਸਥਾਨ ਵਾਲਿਆਂ ਨੂੰ 7100/-(ਪ੍ਰਤੀ ਵਰਗ ਇੱਕ ਵਿਦਿਆਰਥੀ), ਤੀਜੇ ਸਥਾਨ ਵਾਲਿਆਂ ਨੂੰ 5100/-(ਪ੍ਰਤੀ ਵਰਗ 08 ਵਿਦਿਆਰਥੀ) ਇਨਾਮ ਵਜੋਂ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ।
8. ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ 2025 ਦੀ ਪ੍ਰਤੀਯੋਗਤਾ ਲਈ ਸਭ ਤੋਂ ਵੱਧ ਰਜਿਸਟਰੇਸ਼ਨ ਕਰਾਉਣ ਵਾਲੇ ਸਕੂਲ/ਸੰਸਥਾ ਨੂੰ ਵੀ 11000/- ਰੁਪਏ ਦੇ ਕੇ ਸਨਮਾਨਿਤ ਕੀਤਾ ਜਾਵੇਗਾ।
9. ਪਹਿਲੀਆਂ 100 ਪੁਜ਼ੀਸ਼ਨਾਂ ਵਿੱਚੋਂ ਸਭ ਤੋਂ ਵੱਧ (ਘੱਟੋਂ-ਘੱਟ 10) ਪੁਜ਼ੀਸ਼ਨਾ ਪ੍ਰਾਪਤ ਕਰਨ ਵਾਲੇ ਸਕੂਲ ਨੂੰ 11000/- ਰੁਪਏ ਦੀ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ।
10. ਜੇਕਰ ਗਲਤ ਵਰਗ ਵਿੱਚ ਰਜਿਸਟਰੇਸ਼ਨ ਕਰਵਾਈ ਜਾਂਦੀ ਹੈ ਤਾਂ ਬੋਰਡ ਕੋਲ ਰਜਿਸਟਰੇਸ਼ਨ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।
11. ਰਜਿਸਟਰੇਸ਼ਨ ਫੀਸ ਨਾ ਮੋੜਨਯੋਗ ਹੋਵੇਗੀ।
12. ਪੰਜਾਬ ਰਾਜ ਅਤੇ ਪੰਜਾਬ ਰਾਜ ਤੋਂ ਬਾਹਰਲੇ ਰਾਜਾਂ ਦੇ ਵਿਦਿਆਰਥੀਆਂ ਲਈ ਆਧਾਰ ਕਾਰਡ/ਸਕੂਲ ਦਾ ਸ਼ਨਾਖਤੀ ਕਾਰਡ ਲਗਾਇਆ ਜਾਵੇ ਅਤੇ ਵਿਦੇਸ਼ੀ ਵਿਦਿਆਰਥੀ ਦੀ ਸ਼ਨਾਖਤ/ਸਬੂਤ ਵਜੋਂ ਕੋਈ ਵੀ ਸ਼ਨਾਖਤੀ ਕਾਰਡ ਲਗਾਇਆ ਜਾ ਸਕਦਾ ਹੈ।